# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :02-12-2025**

**<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>**

- ਕੇਂਦਰ ਸਰਕਾਰ ਨੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪੰਜਾਬ ਨੂੰ 240 ਕਰੋੜ 80 ਲੱਖ ਰੁਪਏ ਦਾ ਫੰਡ ਜਾਰੀ ਕੀਤਾ ਏ ।

- ਸੰਚਾਰ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਨੇ ਕਿਹਾ ਕਿ ਸੰਚਾਰ ਸਾਥੀ APP, ਨਾਗਰਿਕਾਂ ਨੂੰ ਸੁਰੱਖਿਅਤ ਰਹਿਣ ਦੇ ਯੋਗ ਬਣਾਉਂਦਾ ਏ. ਇਸ APP ਨੂੰ ਵਰਤੋਂਕਾਰ, ਆਪਣੀ ਸਹੂਲਤ ਮੁਤਾਬਿਕ ACTIVATE, DEACTIVATE ਜਾਂ DELETE ਕਰ ਸਕਦੇ ਨੇ.

- BSF ਨੇ ਪਾਕਿਸਤਾਨ ਨਾਲ ਲੱਗਦੇ ਪੰਜਾਬ ਅਤੇ ਜੰਮੂ ਦੇ ਸਰਹੱਦੀ ਇਲਾਕਿਆਂ ਵਿੱਚ ਸੁਰੰਗ-ਵਿਰੋਧੀ ਸਿਸਟਮ ਲਾਉਣਾ ਸ਼ੁਰੂ ਕਰ ਦਿੱਤੈ.

- ਪੰਜਾਬ ਵਿੱਚ, 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਪ੍ਰਕਿਰਿਆ ਜਾਰੀ ਏ।

- ਫ਼ਿਰੋਜ਼ਪੁਰ ਰੇਲਵੇ ਡਿਵਿਜ਼ਨ ਵਲੋਂ ਧੁੰਦ ਕਾਰਣ 8 ਮੁਸਾਫ਼ਿਰ ਰੇਲਗੱਡੀਆਂ ਨੂੰ ਆਰਜ਼ੀ ਤੌਰ ‘ਤੇ ਰੱਦ ਕਰ ਦਿੱਤਾ ਗਿਆ ਏ.

- ਮਰਦਾਂ ਦੇ ਜੂਨੀਅਰ ਵਿਸ਼ਵ ਕੱਪ ਹਾਕੀ ਦੇ ਨਾਕਆਊਟ ਪੜਾਅ’ਚ ਅੱਜ ਭਾਰਤ ਦਾ ਮੁਕਾਬਲਾ ਸਵਿਟਜ਼ਰਲੈਂਡ ਨਾਲ |

## ਹੁਣ ਖਬਰਾਂ ਵਿਸਥਾਰ ਨਾਲ

ਕੇਂਦਰ ਸਰਕਾਰ ਨੇ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਪੰਜਾਬ ਨੂੰ ਆਫਤਾਂ ਸਮੇਂ ਪ੍ਰਬੰਧ ਬਾਰੇ ਰਾਜ ਦੇ ਫੰਡ (SDRF) ਤਹਿਤ 240 ਕਰੋੜ 80 ਲਖ ਰੁਪਏ ਦਾ ਫੰਡ ਜਾਰੀ ਕੀਤਾ ਏ। ਇਹ ਜਾਣਕਾਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਅੱਜ ਲੋਕ ਸਭਾ ਵਿੱਚ ਇੱਕ ਲਿਖਤੀ

ਜਵਾਬ ਵਿੱਚ ਦਿੱਤੀ। ਉਨ੍ਹਾਂ ਕਿਹਾ ਕਿ ਮੌਜੂਦਾ ਮਾਲੀ ਸਾਲ 2025-26 ਦੌਰਾਨ ਪੰਜਾਬ ਨੂੰ ਕੁੱਲ 642 ਕਰੋੜ 40 ਲਖ ਰੁਪਏ ਦੀ ਰਕਮ ਅਲਾਟ ਕੀਤੀ ਗਈ ਏ। ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਪਹਿਲਾਂ ਹੀ ਰਾਜ ਸਰਕਾਰ ਨੂੰ 480 ਕਰੋੜ ਰੁਪਏ ਤੋਂ ਵੱਧ ਦੀਆਂ ਦੋ ਕਿਸ਼ਤਾਂ ਜਾਰੀ ਕਰ ਚੁੱਕੀ ਏ।

------------------------------------------------------------

ਸੰਚਾਰ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਨੇ ਕਿਹਾ ਏ ਕਿ ਸੰਚਾਰ ਸਾਥੀ ਐਪ ਨੂੰ ਸਾਈਬਰ ਧੋਖਾਧੜੀ ਲਈ ਦੂਰਸੰਚਾਰ ਵਸੀਲਿਆਂ ਦੀ ਦੁਰਵਰਤੋਂ ਨੂੰ ਰੋਕਣ ਅਤੇ ਸਾਈਬਰ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਾਂਚ ਕੀਤਾ ਗਿਆ ਸੀ। ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਸ੍ਰੀ  ਸਿੰਧੀਆ ਨੇ ਕਿਹਾ ਕਿ ਜੇਕਰ ਕੋਈ ਵੀ ਚਾਹੇ ਤਾਂ ਆਪਣੇ ਮੋਬਾਈਲ ਫੋਨ ਤੋਂ ਐਪ ਨੂੰ DELETE ਕਰ ਸਕਦਾ ਏ –

byte

ਸ੍ਰੀ ਸਿੰਧੀਆ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਵੀ ਕਿਹਾ ਏ ਕਿ ਦੇਸ਼ ਦੇ ਹਰ ਨਾਗਰਿਕ ਦੀ ਡਿਜੀਟਲ ਸੁਰੱਖਿਆ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਏ। ਉਨ੍ਹਾਂ ਕਿਹਾ ਕਿ ਸੰਚਾਰ ਸਾਥੀ ਇੱਕ ਐਪ ਅਤੇ ਇੱਕ ਪੋਰਟਲ ਦੋਵੇਂ ਏ ਜੋ ਨਾਗਰਿਕਾਂ ਨੂੰ ਪਾਰਦਰਸ਼ੀ, ਵਰਤੋਂ ਵਿੱਚ ਆਸਾਨ ਸਾਧਨਾਂ ਰਾਹੀਂ ਆਪਣੇ ਆਪ ਨੂੰ ਸੁਰੱਖਿਅਤ ਕਰਨ ਦੇ ਯੋਗ ਬਣਾਉਂਦਾ ਏ

। ਉਨ੍ਹਾਂ ਕਿਹਾ ਕਿ ਵਰਤੋਂਕਾਰ, ਆਪਣੀ ਸਹੂਲਤ ਮੁਤਾਬਿਕ ਐਪ ਨੂੰ ਇਸਦੇ ਲਾਭਾਂ ਤੱਕ ਪਹੁੰਚ ਕਰਨ ਲਈ ACTIVATE ਕਰ ਸਕਦੇ ਨੇ ਅਤੇ ਉਹ ਕਿਸੇ ਵੀ ਸਮੇਂ ਆਪਣੇ ਡਿਵਾਈਸਾਂ ਤੋਂ ਇਸਨੂੰ DEACTIVATE ਜਾਂ DELETE ਕਰ ਸਕਦੇ ਨੇ. ਸੰਚਾਰ ਮੰਤਰਾਲੇ ਨੇ ਇੱਕ ਬਿਆਨ ਵਿੱਚ ਦੱਸਿਆ ਏ ਕਿ ਐਪ ਦੇ ਲਾਂਚ ਤੋਂ ਬਾਅਦ 20 ਕਰੋੜ ਤੋਂ ਵੱਧ ਲੋਕਾਂ ਨੇ ਪੋਰਟਲ ਦੀ ਵਰਤੋਂ ਕੀਤੀ ਹੈ ਅਤੇ 1.4 ਕਰੋੜ ਤੋਂ ਵੱਧ ਲੋਕਾਂ ਨੇ ਐਪ ਨੂੰ ਡਾਊਨਲੋਡ ਕੀਤਾ ਏ । ਇਸ ਵਿੱਚ ਅੱਗੇ ਕਿਹਾ ਗਿਆ ਏ ਕਿ ਇਸ ਐਪ ਦੀ ਮਦਦ ਨਾਲ, 26 ਲੱਖ ਮੋਬਾਈਲ ਫੋਨਸ ਦਾ ਪਤਾ ਲਾਇਆ ਗਿਆ ਏ, ਜਿਨ੍ਹਾਂ ਵਿੱਚੋਂ 7 ਲੱਖ 23 ਹਜ਼ਾਰ ਫੋਨ ਨਾਗਰਿਕਾਂ ਨੂੰ ਵਾਪਸ ਕਰ ਦਿੱਤੇ ਗਏ ਨੇ. ਇਸ ਦੌਰਾਨ, ਨਾਗਰਿਕਾਂ ਵਲੋਂ ਸ਼ਿਕਾਇਤ ਕੀਤੇ ਗਏ 40 ਲੱਖ ਤੋਂ ਵੱਧ ਧੋਖਾਧੜੀ ਵਾਲੇ ਮੋਬਾਈਲ ਕਨੈਕਸ਼ਨ ਡਿਸਕਨੈਕਟ ਕੀਤੇ ਗਏ ਨੇ. ਐਪ ਨੇ ਧੋਖਾਧੜੀ ਨਾਲ ਜੁੜੇ, 6 ਲੱਖ ਤੋਂ ਵੱਧ IMEI ਨੂੰ ਬਲੌਕ ਕਰ ਦਿੱਤਾ ਏ । ਮੰਤਰਾਲੇ ਨੇ ਇਹ ਵੀ ਕਿਹਾ ਕਿ ਸੰਚਾਰ ਸਾਥੀ, ਵਰਤੋਂਕਾਰਾਂ ਨੂੰ ਕਾਲ ਲੌਗਸ ਤੋਂ ਸਿੱਧੇ ਸ਼ੱਕੀ ਧੋਖਾਧੜੀ ਬਾਰੇ ਸੂਚਿਤ ਕਰਨ ਦੀ ਆਗਿਆ ਦਿੰਦਾ ਏ.

-----------------------------------------------------

ਸਰਹੱਦੀ ਸੁਰੱਖਿਆ ਬਲ (BSF) ਨੇ ਪਾਕਿਸਤਾਨ ਨਾਲ ਲੱਗਦੇ ਪੰਜਾਬ ਅਤੇ ਜੰਮੂ ਦੇ ਸਰਹੱਦੀ ਇਲਾਕਿਆਂ ਵਿੱਚ ਸੁਰੰਗ-ਵਿਰੋਧੀ ਸਿਸਟਮ

ਲਗਾਉਣਾ ਸ਼ੁਰੂ ਕਰ ਦਿੱਤਾ ਏ ਤਾਂ ਜੋ ਤਸਕਰੀ, ਹਥਿਆਰਾਂ, ਨਸ਼ੀਲੇ ਪਦਾਰਥਾਂ ਅਤੇ ਦਹਿਸ਼ਤਗਰਦੀ ਲਈ ਸੁਰੰਗਾਂ ਖੋਦਣ ਦੀ ਕਿਸੇ ਵੀ ਕੋਸ਼ਿਸ਼ ਨੂੰ ਰੋਕਿਆ ਜਾ ਸਕੇ। ਅੱਜ ਮੋਹਾਲੀ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ, BSF ਦੇ ਪੱਛਮੀ ਕਮਾਂਨ ਦੇ ADG, Satish S Khandare ਨੇ ਦੱਸਿਆ ਕਿ, ਇਹ ਅਤਿ-ਆਧੁਨਿਕ ਸਿਸਟਮ, ਸਰਹੱਦੀ ਇਲਾਕਿਆਂ ਵਿੱਚ ਕੀਤੀ ਜਾਣ ਵਾਲੀ  ਸੁਰੰਗ ਖੋਦਣ ਦੀ ਕਿਸੇ ਵੀ ਗਤੀਵਿਧੀ ਬਾਰੇ ਚੇਤਾਵਨੀ ਦੇਣਾ ਸ਼ੁਰੂ ਕਰ ਦੇਵੇਗਾ।

BYTE

ਇਹ ਪ੍ਰੈਸ ਕਾਨਫਰੰਸ, BSF ਦੀ ਸਥਾਪਨਾ ਦੇ ਡਾਇਮੰਡ ਜੁਬਲੀ ਜਸ਼ਨਾਂ ਦਾ ਹਿੱਸਾ ਸੀ।

ਹੋਰ ਵੇਰਵਾ ਸਾਡੇ ਪੱਤਰਕਾਰ ਤੋਂ : V/C

----------------------------------------------------------

ਪੰਜਾਬ ਵਿੱਚ, 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਪ੍ਰਕਿਰਿਆ ਜਾਰੀ ਏ। ਪਟਿਆਲਾ ਵਿੱਚ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 9 ਨਾਮਜ਼ਦਗੀਆਂ ਦਾਖਲ ਹੋਈਆਂ ਨੇ। ਜਦੋਂਕਿ ਪੰਚਾਇਤ ਸੰਮਤੀ ਚੋਣਾਂ ਲਈ, 34 ਨਾਮਜ਼ਦਗੀਆਂ ਦਾਖਲ ਹੋਈਆਂ ਨੇ।

ਫਰੀਦਕੋਟ ਵਿੱਚ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 2 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਨੇ ਅਤੇ ਪੰਚਾਇਤ ਸੰਮਤੀ ਚੋਣਾਂ ਲਈ 4 ਨਾਮਜ਼ਦਗੀ ਪੱਤਰ ਦਾਖਲ ਹੋਏ ਨੇ। ਓਧਰ ਕਪੂਰਥਲਾ ਵਿੱਚ, ਫਗਵਾੜਾ ਬਲਾਕ ਸੰਮਤੀ ਲਈ, ਤਿੰਨ ਨਾਮਜ਼ਦਗੀ ਪੱਤਰ ਪ੍ਰਾਪਤ ਹੋਏ ਨੇ। ਜਲੰਧਰ ਦੀ ਨਕੋਦਰ ਪੰਚਾਇਤ ਸੰਮਤੀ ਲਈ, 2 ਨਾਮਜ਼ਦਗੀ ਪੱਤਰ ਦਾਖਲ ਹੋਏ ਨੇ।    ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖ਼ਰੀ ਤਰੀਕ 4 ਦਸੰਬਰ ਏ, ਜਦਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਤਰੀਕ 6 ਦਸੰਬਰ ਏ।

---------------------------------------------------------------

ਫ਼ਿਰੋਜ਼ਪੁਰ ਰੇਲਵੇ ਡਿਵਿਜ਼ਨ ਵਲੋਂ ਸਵੇਰ ਦੇ ਸਮੇਂ ਧੁੰਦ ਕਾਰਣ ਰੇਲ ਗੱਡੀਆਂ ਦੇ ਸੁਰਖਿਅਤ ਸੰਚਾਲਨ ਵਿਚ ਆ ਰਹੀ ਮੁਸ਼ਕਿਲ ਕਾਰਣ 8 ਮੁਸਾਫ਼ਿਰ ਰੇਲਗੱਡੀਆਂ ਨੂੰ 2 ਤੋਂ 3 ਮਹੀਨੇ ਲਈ ਆਰਜ਼ੀ ਤੌਰ ‘ਤੇ ਰੱਦ ਕਰ ਦਿੱਤਾ ਗਿਆ ਏ. ਫਿਰੋਜ਼ਪੁਰ ਡਿਵਿਜ਼ਨ ਮੁਤਾਬਿਕ, ਇਹਨਾਂ ਰੇਲ ਗੱਡੀਆਂ ਵਿਚ ਜਲੰਧਰ ਸ਼ਹਿਰ ਤੋਂ ਫਿਰੋਜ਼ਪੁਰ ਛਾਉਣੀ ਅਤੇ ਫਿਰੋਜ਼ਪੁਰ ਛਾਉਣੀ ਤੋਂ ਜਲੰਧਰ ਸ਼ਹਿਰ, ਫਾਜ਼ਿਲਕਾ ਤੋਂ ਕੋਟ ਕਪੂਰਾ ਅਤੇ ਕੋਟ ਕਪੂਰੇ ਤੋਂ ਫਾਜ਼ਿਲਕਾ, ਜਲੰਧਰ ਸ਼ਹਿਰ ਤੋਂ ਹੁਸ਼ਿਆਰਪੁਰ ਅਤੇ

ਹੁਸ਼ਿਆਰਪੁਰ ਤੋਂ ਜਲੰਧਰ ਸ਼ਹਿਰ ਤੇ ਬਠਿੰਡਾ ਤੋਂ ਫਾਜ਼ਿਲਕਾ ਅਤੇ ਫਾਜ਼ਿਲਕਾ ਤੋਂ ਬਠਿੰਡਾ ਰੇਲ ਗੱਡੀਆਂ ਸ਼ਾਮਿਲ ਨੇ.

-----------------------------------------------------

ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਵਿਭਾਗਾਂ ਨੂੰ ਸੜਕਾਂ ਦੀ ਖੁਦਾਈ ਕਰਨ ਸਮੇਂ ਮਿਆਰੀ ਸੰਚਾਲਨ ਗਤੀਵਿਧੀਆਂ, SOPs ਦੀ ਪਾਲਣਾ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ ਏ। ਉਨ੍ਹਾਂ ਸਪਸ਼ਟ ਕਿਹਾ ਕਿ ਖੁਦਾਈ ਦੇ ਕੰਮ ਦੌਰਾਨ, SOPs ਦੀ ਪਾਲਣਾ ਨਾ ਕਰਨ ’ਤੇ ਸਬੰਧਤ ਵਿਭਾਗ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ, ਜਦੋਂ ਵੀ ਕਿਧਰੇ ਸੜਕ ਦੀ ਖੁਦਾਈ ਕੀਤੀ ਜਾਣੀ ਹੋਵੇ ਤਾਂ ਸਬੰਧਤ ਵਿਭਾਗ SOPs ਦੀ ਪਾਲਣਾ ਯਕੀਨੀ ਬਣਾਏਗਾ |

-----------------------------------------------------

ਭਾਰਤੀ ਮੌਸਮ ਵਿਭਾਗ (IMD) ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੇ ਕੁਝ ਹਿੱਸਿਆਂ ਵਿੱਚ ਠੰਢ ਦੀ ਸਥਿਤੀ ਦੀ ਪੇਸ਼ੀਨਗੋਈ ਕੀਤੀ ਏ. ਮੌਸਮ ਏਜੰਸੀ ਨੇ ਹਿਮਾਚਲ ਪ੍ਰਦੇਸ਼ ਵਿੱਚ ਧੁੰਦ ਰਹਿਣ ਦੀ ਵੀ

ਸੰਭਾਵਨਾ ਜਤਾਈ ਏ. ਇਸ ਦੌਰਾਨ, ਦਿੱਲੀ-ਐਨਸੀਆਰ ਵਿੱਚ ਹਵਾ ਦੀ ਗੁਣਵੱਤਾ ਬੇਹਦ ਮਾੜੀ ਸ਼੍ਰੇਣੀ ਵਿੱਚ ਏ।

--------------------------------------------------

ਭਾਰਤ ਅੱਜ ਮਰਦਾਂ ਦੇ ਜੂਨੀਅਰ ਵਿਸ਼ਵ ਕੱਪ ਹਾਕੀ ਦੇ ਨਾਕਆਊਟ ਪੜਾਅ ਤੋਂ ਪਹਿਲਾਂ ਆਖਰੀ ਗਰੁੱਪ ਲੀਗ ਮੈਚ ਵਿੱਚ ਸਵਿਟਜ਼ਰਲੈਂਡ ਨਾਲ ਮੁਕਾਬਲਾ ਕਰੇਗਾ। ਇਹ ਮੈਚ ਤਾਮਿਲਨਾਡੂ ਦੇ ਮਦੁਰਾਈ ਵਿੱਚ ਰਾਤ 8 ਵਜੇ ਸ਼ੁਰੂ ਹੋਵੇਗਾ।

--------------------------------------------------

- ਕੇਂਦਰ ਸਰਕਾਰ ਨੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪੰਜਾਬ ਨੂੰ 240 ਕਰੋੜ 80 ਲੱਖ ਰੁਪਏ ਦਾ ਫੰਡ ਜਾਰੀ ਕੀਤਾ ਏ।

- ਸੰਚਾਰ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਨੇ ਕਿਹਾ ਕਿ ਸੰਚਾਰ ਸਾਥੀ APP, ਨਾਗਰਿਕਾਂ ਨੂੰ ਸੁਰੱਖਿਅਤ ਰਹਿਣ ਦੇ ਯੋਗ ਬਣਾਉਂਦਾ ਏ. ਇਸ APP ਨੂੰ ਵਰਤੋਂਕਾਰ, ਆਪਣੀ ਸਹੂਲਤ ਮੁਤਾਬਿਕ ACTIVATE, DEACTIVATE ਜਾਂ DELETE ਕਰ ਸਕਦੇ ਨੇ.

- BSF ਨੇ ਪਾਕਿਸਤਾਨ ਨਾਲ ਲੱਗਦੇ ਪੰਜਾਬ ਅਤੇ ਜੰਮੂ ਦੇ ਸਰਹੱਦੀ ਇਲਾਕਿਆਂ ਵਿੱਚ ਸੁਰੰਗ-ਵਿਰੋਧੀ ਸਿਸਟਮ ਲਾਉਣਾ ਸ਼ੁਰੂ ਕਰ ਦਿੱਤੈ.

- ਪੰਜਾਬ ਵਿੱਚ, 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਪ੍ਰਕਿਰਿਆ ਜਾਰੀ ਏ।

- ਫ਼ਿਰੋਜ਼ਪੁਰ ਰੇਲਵੇ ਡਿਵਿਜ਼ਨ ਵਲੋਂ ਧੁੰਦ ਕਾਰਣ 8 ਮੁਸਾਫ਼ਿਰ ਰੇਲਗੱਡੀਆਂ ਨੂੰ ਆਰਜ਼ੀ ਤੌਰ 'ਤੇ ਰੱਦ ਕਰ ਦਿੱਤਾ ਗਿਆ ਏ.

- ਮਰਦਾਂ ਦੇ ਜੂਨੀਅਰ ਵਿਸ਼ਵ ਕੱਪ ਹਾਕੀ ਦੇ ਨਾਕਆਊਟ ਪੜਾਅ'ਚ ਅੱਜ ਭਾਰਤ ਦਾ ਮੁਕਾਬਲਾ ਸਵਿਟਜ਼ਰਲੈਂਡ ਨਾਲ |

--------------------------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,**

**ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**